# 4. ਲਾਭ ਅਤੇ ਸੇਵਾਵਾਂ

## ਟਰਾਂਸਜੈਂਡਰ ਸੇਵਾਵਾਂ

13 ਅਕਤੂਬਰ, 2026 ਤੋਂ, Medi-Cal ਕੁਝ ਲਿੰਗ-ਪੁਸ਼ਟੀਕਰਨ ਦੇਖਭਾਲ ਲਈ ਭੁਗਤਾਨ ਨਹੀਂ ਕਰੇਗਾ ਜਦੋਂ ਇਸਦੀ ਵਰਤੋਂ 18 ਸਾਲ ਤੋਂ ਘੱਟ ਉਮਰ ਦੇ Medi-Cal ਮੈਂਬਰਾਂ ਅਤੇ 19 ਸਾਲ ਤੋਂ ਘੱਟ ਉਮਰ ਦੇ CHIP ਮੈਂਬਰਾਂ ਲਈ ਲਿੰਗ-ਪਛਾਣ ਕਾਰਨ ਮਾਨਸਿਕ ਪਰੇਸ਼ਾਨੀ (gender dysphoria) ਦੇ ਇਲਾਜ ਲਈ ਕੀਤੀ ਜਾਂਦੀ ਹੈ। ਇਹ ਬਦਲਾਅ ਇੱਕ ਨਵੇਂ ਸੰਘੀ ਕਾਨੂੰਨ ਦੇ ਕਾਰਨ ਹੈ।

ਪ੍ਰਭਾਵਿਤ ਸੇਵਾਵਾਂ:

- ਸਰਜਰੀ, ਜਿਵੇਂ ਕਿ ਮਾਸਟੈਕਟੋਮੀ ਜਾਂ ਛਾਤੀ ਵਧਾਉਣਾ
- ਪਿਊਬਰਟੀ ਬਲੌਕਰ (Puberty blockers)

- ਹਾਰਮੋਨ ਥੈਰੇਪੀ, ਜਿਵੇਂ ਕਿ ਐਸਟ੍ਰੋਜਨ ਜਾਂ ਟੈਸਟੋਸਟੀਰੋਨ

ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਦੇਖਭਾਲ ਪ੍ਰਾਪਤ ਨਹੀਂ ਕਰ ਸਕਦੇ। California ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਤੱਕ ਪਹੁੰਚ ਦਾ ਸਮਰਥਨ ਕਰਦਾ ਹੈ। ਰਾਜ Medi-Cal ਅਤੇ CHIP ਮੈਂਬਰਾਂ ਲਈ ਡਾਕਟਰੀ ਤੌਰ 'ਤੇ ਜ਼ਰੂਰੀ ਲਿੰਗ-ਪੁਸ਼ਟੀਕਰਨ ਦੇਖਭਾਲ ਦਾ ਭੁਗਤਾਨ ਕਰਨ ਲਈ ਰਾਜ ਦੇ ਫੰਡਾਂ ਦੀ ਵਰਤੋਂ ਕਰੇਗਾ, ਜਦੋਂ ਇਹ ਨੈਦਾਨਿਕ ਤੌਰ 'ਤੇ ਉਚਿਤ ਹੋਵੇ ਅਤੇ ਕਿਸੇ ਯੋਗਤਾ ਪ੍ਰਾਪਤ ਪ੍ਰਦਾਤੇ ਦੁਆਰਾ ਇਸਦੀ ਸਿਫ਼ਾਰਸ਼ ਕੀਤੀ ਗਈ ਹੋਵੇ।

ਕੈਲੀਫ਼ੋਰਨੀਆ ਦੇ ਸਿਹਤ ਦੇਖਭਾਲ ਪਹੁੰਚ ਅਤੇ ਜਾਣਕਾਰੀ ਵਿਭਾਗ (California Department of Health Care Access and Information, HCAI) ਪ੍ਰਭਾਵਿਤ ਸੇਵਾਵਾਂ ਲਈ ਭੁਗਤਾਨ ਕਰਨ ਵਿੱਚ ਮਦਦ ਕਰੇਗਾ। ਇਹ ਪ੍ਰੋਗਰਾਮ Medi-Cal ਤੋਂ ਵੱਖਰਾ ਹੈ, ਜਿਸਦੀ ਦੇਖ-ਰੇਖ ਸਿਹਤ ਦੇਖਭਾਲ ਸੇਵਾਵਾਂ ਵਿਭਾਗ (Department of Health Care Services, DHCS) ਦੁਆਰਾ ਕੀਤੀ ਜਾਂਦੀ ਹੈ। ਉਪਲਬਧ ਹੋਣ 'ਤੇ HCAI ਅਤੇ DHCS ਦੀਆਂ ਵੈੱਬਸਾਈਟਾਂ 'ਤੇ ਹੋਰ ਵੇਰਵੇ ਪੋਸਟ ਕੀਤੇ ਜਾਣਗੇ।

Medi-Cal 18 ਸਾਲ ਤੋਂ ਘੱਟ ਉਮਰ ਦੇ Medi-Cal ਮੈਂਬਰਾਂ ਅਤੇ 19 ਸਾਲ ਤੋਂ ਘੱਟ ਉਮਰ ਦੇ CHIP ਮੈਂਬਰਾਂ ਲਈ ਹੋਰ ਡਾਕਟਰੀ ਤੌਰ 'ਤੇ ਜ਼ਰੂਰੀ ਲਿੰਗ-ਪੁਸ਼ਟੀ ਕਰਨ ਦੇਖਭਾਲ ਸੇਵਾਵਾਂ ਲਈ ਭੁਗਤਾਨ ਕਰਨਾ ਜਾਰੀ ਰੱਖੇਗਾ। ਇਹਨਾਂ ਵਿੱਚ ਦਫ਼ਤਰ ਦੀਆਂ ਮੁਲਾਕਾਤਾਂ, ਲੈਬ ਟੈਸਟ, ਸਪੀਚ ਥੈਰੇਪੀ, ਅਤੇ ਸਾਈਕੋਥੈਰੇਪੀ ਸ਼ਾਮਲ ਹਨ, ਜਦੋਂ ਇਹ ਡਾਕਟਰੀ ਤੌਰ 'ਤੇ ਜ਼ਰੂਰੀ ਹੋਣ। Medi-Cal ਉੱਪਰ ਸੂਚੀਬੱਧ ਕੀਤੀਆਂ ਸੇਵਾਵਾਂ ਸਮੇਤ ਡਾਕਟਰੀ ਤੌਰ 'ਤੇ ਜ਼ਰੂਰੀ ਸੇਵਾਵਾਂ ਨੂੰ ਕਵਰ ਕਰਨਾ ਵੀ ਜਾਰੀ ਰੱਖੇਗਾ, ਜਦੋਂ ਉਹ ਲਿੰਗ-ਪਛਾਣ ਕਾਰਨ ਮਾਨਸਿਕ ਪਰੇਸ਼ਾਨੀ (gender dysphoria) ਤੋਂ ਇਲਾਵਾ ਕਿਸੇ ਹੋਰ ਡਾਕਟਰੀ ਸਥਿਤੀ ਦਾ ਇਲਾਜ ਕਰਦੀਆਂ ਹਨ ਜਾਂ ਜਦੋਂ ਉਹ ਕਿਸੇ ਪਿਛਲੀ ਪ੍ਰਕਿਰਿਆ ਕਾਰਨ ਹੋਈਆਂ ਜਾਂ ਵਿਗੜੀਆਂ ਜਟਿਲਤਾਵਾਂ, ਲਾਗ, ਸੱਟ, ਬਿਮਾਰੀ ਜਾਂ ਵਿਕਾਰ ਦਾ ਇਲਾਜ ਕਰਦੀਆਂ ਹਨ। Medi-Cal 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਮੈਂਬਰਾਂ ਲਈ ਉੱਪਰ ਸੂਚੀਬੱਧ ਕੀਤੀਆਂ ਸੇਵਾਵਾਂ ਦਾ ਭੁਗਤਾਨ ਕਰਨਾ ਜਾਰੀ ਰੱਖੇਗਾ।

ਜੇਕਰ ਤੁਸੀਂ ਹੁਣ ਪ੍ਰਭਾਵਿਤ ਸੇਵਾਵਾਂ ਵਿੱਚੋਂ ਕੋਈ ਇੱਕ ਪ੍ਰਾਪਤ ਕਰ ਰਹੇ ਹੋ:

---

? ਮੈਂਬਰ ਸੇਵਾਵਾਂ ਨੂੰ 1-800-863-4155 (TTY 1-800-735-2929) 'ਤੇ ਕਾਲ ਕਰੋ। ਅਸੀਂ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ – ਸ਼ਾਮ 5 ਵਜੇ ਤੱਕ ਉਪਲਬਧ ਹਾਂ। ਕਾਲ ਮੁਫ਼ਤ ਹੈ।
ਜਾਂ ਕੈਲੀਫੋਰਨੀਆ ਰਿਲੇਅ ਲਾਈਨ ਨੂੰ 711 'ਤੇ ਕਾਲ ਕਰੋ।
www.partnershipHP.org 'ਤੇ ਔਨਲਾਈਨ ਜਾਓ।

- ਤੁਹਾਡਾ Medi-Cal ਪ੍ਰਬੰਧਿਤ ਦੇਖਭਾਲ ਪਲਾਨ ਤੁਹਾਡੇ ਨਾਲ ਸੰਪਰਕ ਕਰੇਗਾ ਜੇਕਰ ਇਹ ਬਦਲਾਅ 13 ਅਕਤੂਬਰ, 2026 ਨੂੰ ਜਾਂ ਇਸ ਤੋਂ ਬਾਅਦ ਕਿਸੇ ਸੇਵਾ ਦੀ ਮਨਜ਼ੂਰੀ ਨੂੰ ਪ੍ਰਭਾਵਿਤ ਕਰਦਾ ਹੈ।
- ਜੇਕਰ ਤੁਹਾਡਾ ਪਲਾਨ ਪਹਿਲਾਂ ਤੋਂ ਮਨਜ਼ੂਰਸ਼ੁਦਾ ਸੇਵਾ ਨੂੰ ਖਤਮ ਜਾਂ ਘਟਾਉਂਦਾ ਹੈ, ਤਾਂ ਤੁਹਾਨੂੰ ਇੱਕ ਲਿਖਤੀ ਕਾਰਵਾਈ ਦਾ ਨੋਟਿਸ ਪ੍ਰਾਪਤ ਹੋਵੇਗਾ। ਇਹ ਇਸਦੇ ਕਾਰਨ ਅਤੇ ਅਪੀਲ ਕਰਨ ਅਤੇ ਰਾਜ ਸੁਣਵਾਈ ਦੀ ਮੰਗ ਕਰਨ ਦੇ ਤੁਹਾਡੇ ਅਧਿਕਾਰਾਂ ਦੀ ਵਿਆਖਿਆ ਕਰੇਗਾ।
- ਤੁਹਾਡੀ ਸਥਿਤੀ ਦੇ ਆਧਾਰ 'ਤੇ, ਕਿਸੇ ਅਪੀਲ ਜਾਂ ਰਾਜ ਸੁਣਵਾਈ ਦੇ ਲੰਬਿਤ ਹੋਣ ਦੇ ਦੌਰਾਨ ਤੁਹਾਨੂੰ ਲਾਭ ਜਾਰੀ ਰੱਖਣ ਦੇ ਅਧਿਕਾਰ ਹੋ ਸਕਦੇ ਹਨ।

ਸਵਾਲ ਜਾਂ ਮਦਦ:

- Partnership ਦੀਆਂ ਮੈਂਬਰ ਸੇਵਾਵਾਂ ਨੂੰ 1-800-863-4155 (TTY 1-800-735-2929) 'ਤੇ ਕਾਲ ਕਰੋ।

---

ਮੈਂਬਰ ਸੇਵਾਵਾਂ ਨੂੰ 1-800-863-4155 (TTY 1-800-735-2929) 'ਤੇ ਕਾਲ ਕਰੋ। ਅਸੀਂ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ – ਸ਼ਾਮ 5 ਵਜੇ ਤੱਕ ਉਪਲਬਧ ਹਾਂ। ਕਾਲ ਮੁਫ਼ਤ ਹੈ।
ਜਾਂ ਕੈਲੀਫੋਰਨੀਆ ਰਿਲੇਅ ਲਾਈਨ ਨੂੰ 711 'ਤੇ ਕਾਲ ਕਰੋ।
www.partnershipHP.org 'ਤੇ ਔਨਲਾਈਨ ਜਾਓ।

- ਤੁਸੀਂ ਆਪਣੇ ਇਲਾਜ ਅਤੇ ਵਿਕਲਪਾਂ ਬਾਰੇ ਆਪਣੇ ਸਿਹਤ ਦੇਖਭਾਸਲ ਪ੍ਰਦਾਤਾ ਨਾਲ ਵੀ ਗੱਲ ਕਰ ਸਕਦੇ ਹੋ।
- HCAI ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਉਪਲਬਧ ਹੋਣ 'ਤੇ ਪੋਸਟ ਕੀਤੀ ਜਾਵੇਗੀ।

ਕਿਰਪਾ ਕਰਕੇ ਇਸ ਨੋਟਿਸ ਨੂੰ ਆਪਣੇ 2026 ਮੈਂਬਰ ਹੈਂਡਬੁੱਕ/ਕਵਰੇਜ ਦੇ ਸਬੂਤ ਦੇ ਨਾਲ ਰੱਖੋ। ਇਹ 13 ਅਕਤੂਬਰ, 2026 ਤੋਂ ਸ਼ੁਰੂ ਹੋਣ ਵਾਲੇ ਲਿੰਗ-ਪੁਸ਼ਟੀਕਰਨ ਦੇਖਭਾਲ ਸੇਵਾਵਾਂ ਦੇ ਭਾਗ ਨੂੰ ਅਪਡੇਟ ਕਰਦਾ ਹੈ।